# ਕਲਾਸੀਕਲ ਸਾਹਿਤ ਦਾ ਸੰਕਲਪ ਤੇ ਮੱਧਕਾਲੀ ਪੰਜਾਬੀ ਸਾਹਿਤ

ਜਗਬੀਰ ਸਿੰਘ*

ਕਲਾਸੀਕਲ ਸਾਹਿਤ ਦਾ ਸੰਕਲਪ ਮੂਲਰੂਪ ਵਿੱਚ ਪੱਛਮੀ ਸਾਹਿਤ-ਸਭਿਆਚਾਰ ਦੇ ਅੰਤਰਗਤ ਸਾਮ੍ਹਣੇ ਆਇਆ ਹੈ। ਪਹਿਲੋਂ ਪਹਿਲ ਇਸਦੀ ਵਰਤੋਂ ਯੂਰਪ ਵਿੱਚ ਜਾਗ੍ਰਿਤੀ ਲਹਿਰ ਦੇ ਉਭਾਰ ਦੌਰਾਨ ਪ੍ਰਾਚੀਨ ਯੂਨਾਨ ਅਤੇ ਰੋਮ ਦੀਆਂ ਉਨ੍ਹਾਂ ਸਰਬਕਾਲੀ ਮਹੱਤਵ ਵਾਲੀਆਂ ਮੁੱਲਵਾਨ ਰਚਨਾਵਾਂ ਦੇ ਸੰਦਰਭ ਵਿੱਚ ਕੀਤੀ ਗਈ ਜਿਨ੍ਹਾਂ ਨੂੰ ਪੱਛਮੀ ਮੁਲਕਾਂ ਨੇ ਆਪਣੀ ਸਾਹਿਤ-ਸਭਿਆਚਾਰਕ ਵਿਰਸਤ ਵਜੋਂ ਪ੍ਰਵਾਨ ਕੀਤਾ। ਅਸਲ ਵਿੱਚ ਪੱਛਮ ਵਾਲਿਆਂ ਨੇ ਆਪਣੇ ਸਦੀਵੀ ਜਾਂ ਸਨਾਨਤਨ (ਕਲਾਸੀਕਲ) ਵਿਰਸੇ ਦੀ ਪਛਾਣ ਯੂਨਾਨ ਅਤੇ ਰੋਮ ਦੀ ਪੁਰਾਤਨ ਸਭਿਅਤਾ ਦੇ ਹਵਾਲੇ ਨਾਲ ਕੀਤੀ ਹੈ। ਇਹ ਸਭਿਅਤਾ ਦੁਨੀਆ ਦੀਆਂ ਉਨ੍ਹਾਂ ਗਿਣੀਆਂ ਚੁਣੀਆਂ ਅਮੀਰ ਸਭਿਅਤਾਵਾਂ ਵਿਚੋਂ ਹੈ ਜਿਸ ਨੇ ਜੀਵਨ ਅਤੇ ਯਥਾਰਥ ਬਾਰੇ ਮਨੁੱਖ ਦੀ ਸਮਝ ਅਤੇ ਸੂਝ ਨੂੰ ਵਿਕਸਿਤ ਕਰਨ ਦੇ ਉਪਰਾਲੇ ਕੀਤੇ ਹਨ। ਇਨ੍ਹਾਂ ਸਭਿਅਤਾਵਾਂ ਦੇ ਗਿਆਨ-ਮੂਲਕ ਉਪਰਾਲਿਆਂ ਨੇ ਮਨੁੱਖੀ ਹੋਂਦ ਅਤੇ ਆਲੇ-ਦੁਆਲੇ ਦੀ ਹਕੀਕਤ ਨੂੰ ਅਰਥ ਅਤੇ ਸਾਰਥਕਤਾ ਪ੍ਰਦਾਨ ਕਰਨ ਦੀ ਚੇਸ਼ਟਾ ਕੀਤੀ ਹੈ। ਇਸ ਸਮੁੱਚੀ ਪ੍ਰਾਪਤੀ ਦਾ ਇੱਕ ਪਹਿਲੂ ਭਾਸ਼ਾਈ ਸਿਰਜਣਾਵਾਂ ਜਾਂ ਸ਼ਬਦ-ਸਭਿਆਚਾਰ ਦੀ ਵਿਰਾਸਤ ਦੇ ਰੂਪ ਵਿੱਚ ਸਾਮ੍ਹਣੇ ਆਇਆ ਹੈ। ਦੇਖਆ ਜਾਵੇ ਤਾਂ ਮਨੁੱਖ ਨੂੰ ਮਨੁੱਖ ਦੇ ਰੂਪ ਵਿੱਚ ਸਥਾਪਿਤ ਕਰਨ ਅਤੇ ਉਸ ਨੂੰ ਸਮੂਹ ਪ੍ਰਾਣੀ ਜਗਤ ਨਾਲੋਂ ਨਿਖੇੜਨ ਵਿੱਚ ਭਾਸ਼ਾ ਨੇ ਹੀ ਮੁੱਖ ਭੂਮਿਕਾ ਨਿਭਾਈ ਹੈ। ਪੱਛਮ ਦੀਆਂ ਸਮੂਹ ਭਾਸ਼ਾਵਾਂ ਵਿੱਚ ਰਚਿਆ ਗਿਆ ਸਾਹਿਤ ਆਪਣੇ ਮੂਲ ਪ੍ਰੇਰਣਾ-ਸਰੋਤ ਇਸੇ ਸਭਿਅਤਾ ਵਿੱਚੋਂ ਤਲਾਸ਼ ਕਰਦਾ ਹੈ ਅਤੇ ਇਸੇ ਸਭਿਅਤਾ ਦੀਆਂ ਅਮੀਰ ਸਾਹਿਤਕ ਪ੍ਰਾਪਤੀਆਂ ਨੂੰ ਕਲਾਸੀਕਲ ਸਾਹਿਤ ਦਾ ਰੁਤਬਾ ਪ੍ਰਦਾਨ ਕਰਦਾ ਹੈ।

ਅਜੋਕੇ ਸਮੇਂ ਕਲਾਸਿਕਤਾ ਦਾ ਸੰਕਲਪ ਆਪਣੇ ਮੁੱਢਲੇ ਅਰਥਾਤ ਯੂਰਪੀ ਸੰਦਰਭ ਨੂੰ ਪਾਰ ਕਰਕੇ ਵਿਆਪਕ ਅਰਥ ਗ੍ਰਹਿਣ ਕਰ ਗਿਆ ਹੈ। ਅੱਜ ਵਿਸ਼ਵ ਦੀਆਂ ਸਮੂਹ ਸਾਹਿਤ-ਸਭਿਆਚਾਰਕ ਪਰੰਪਰਾਵਾਂ ਵਿੱਚ ਇਸ ਨੂੰ ਸਦੀਵੀ ਮਹੱਤਵ ਵਾਲੀਆਂ, ਉਤਕ੍ਰਿਸ਼ਟ ਤੇ ਮੁੱਲਵਾਨ ਰਚਨਾਵਾਂ ਦੀ ਦਰਜੇਬੰਦੀ ਲਈ ਵਰਤਿਆ ਜਾਂਦਾ ਹੈ। ਭਾਰਤੀ ਆਚਾਰੀਆਂ ਨੇ ਸਭਿਆਚਾਰ ਦਾ ਨਿਰਮਾਨ ਕਰਨ ਵਾਲੇ ਇਸ ਮਨੁੱਖੀ ਵਿਹਾਰ ਨੂੰ ਵਾਂਗਮਯ ਜਾਂ ਵਾਣੀ-ਸਰੂਪ ਦਾ ਨਾਮ ਦਿੱਤਾ ਹੈ ਅਤੇ ਇਸਦੀਆਂ ਦੋ ਮੂਲ ਕੋਟੀਆਂ ਦਾ ਤਸੱਵਰ ਪੇਸ਼ ਕੀਤਾ ਹੈ - ਭਾਸ਼ਕ ਕਲਾ (ਜਾਂ ਸਾਹਿਤ) ਅਤੇ ਸ਼ਾਸਤਰ। ਹਰ ਸਭਿਅਤਾ ਦਆਂ ਕੁਝ ਅਜਿਹੀਆਂ ਰਚਨਾਵਾਂ ਹੁੰਦੀਆਂ ਹਨ ਜੋ ਆਪ-ਮੁਹਾਰੇ ਹੀ ਉਸ ਦੇ ਚੇਤੇ ਵਿੱਚ ਵਸ ਜਾਂਦੀਆਂ ਹਨ। ਸ਼ਬਦ-ਸਭਿਆਚਾਰ ਦੀਆਂ ਇਹ ਸਦੀਵੀ ਮੁੱਲ ਰੱਖਣ ਵਾਲੀਆਂ ਰਚਨਾਵਾਂ ਮੌਖਿਕ ਜਾਂ ਲਿਖਤੀ ਰੂਪ ਵਿੱਚ ਉਸ ਸਭਿਆਚਾਰ ਦੇ ਵਿਰਸੇ ਦਾ ਅੰਗ ਬਣ ਜਾਂਦੀਆਂ ਹਨ ਜਿਨ੍ਹਾਂ ਨੂੰ ਚੇਤ-ਅਚੇਤੀ ਵਾਰ ਵਾਰ ਸਿਮਰਿਆ ਜਾਂ ਦੁਹਰਾਇਆ ਜਾਂਦਾ ਹੈ। ਇਹੀ ਉਹ ਰਚਨਾਵਾਂ ਹਨ ਜੋ ਉਸ ਸਭਿਅਤਾ ਅਤੇ ਸਭਿਆਚਾਰ ਦੀ ਨਿਰੰਤਰਤਾ ਦੀਆਂ ਜ਼ਾਮਨ ਹੁੰਦੀਆਂ ਹਨ। ਕਲਾਸੀਕਲ ਜਾਂ ਸਨਾਤਨ ਸ਼ਬਦ ਦੀ ਵਰਤੋਂ ਅਜਿਹੀਆਂ ਰਚਨਾਵਾਂ ਦੇ ਸੰਦਰਭ ਵਿੱਚ ਹੀ ਹੁੰਦੀ ਹੈ।

ਕਲਾਸਿਕ ਰਚਨਾ ਦੀ ਮੁੱਖ ਵਿਸ਼ੇਸਤਾ ਇਹ ਹੈ ਕਿ ਇਹ ਜੀਵਨ, ਯਥਾਰਥ, ਸੱਚ ਜਾਂ ਸੁਹਜ ਨਾਲ ਸੰਬੰਧਿਤ ਕਿਸੇ ਸਦੀਵੀ ਮੁੱਲ ਵਾਲੇ ਕਲਾਤਮਕ ਗੁਣ ਨੂੰ ਪ੍ਰਗਟਾਉਂਦੀ ਹੈ। ਅਜਿਹੀ ਰਚਨਾ ਆਮ ਤੌਰ ਤੇ ਆਪਣੇ ਸਮਕਾਲੀ

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਇਤਿਹਾਸ ਅਤੇ ਮਾਨਵੀ ਯਥਾਰਥ ਦੀ ਤਰਜਮਾਨੀ ਕਰਦੀ ਹੈ ਪਰ ਇਸਦੇ ਨਾਲ ਹੀ ਇਸ ਵਿੱਚ ਮਾਨਵੀ ਹੋਂਦ ਦੇ ਸਦੀਵੀ ਸਰੋਕਾਰਾਂ ਅਤੇ ਮੁੱਲਾਂ ਦੀ ਪੇਸ਼ਕਾਰੀ ਵੀ ਸਾਮ੍ਹਣੇ ਆਉਂਦੀ ਹੈ ਜੋ ਇਸ ਨੂੰ ਸਰਬਕਾਲੀ ਮਹੱਤਵ ਪ੍ਰਦਾਨ ਕਰਦੀ ਹੈ।[1] ਇਹੀ ਕਾਰਣ ਹੈ ਕਿ ਵਿਸ਼ਵ ਦੀਆਂ ਕਲਾਸਕੀ ਰਚਨਾਵਾਂ ਸਮੇਂ-ਸਥਾਨ ਦੀ ਸੀਮਾ ਨੂੰ ਪਾਰ ਕਰ ਜਾਂਦੀਆਂ ਹਨ ਅਤੇ ਹਰ ਦੌਰ ਦੇ ਸੁਹਿਰਦ ਪਾਠਕ ਨੂੰ ਅਰਥ-ਸਾਰਥਕਤਾ ਦੇ ਨਿਤ-ਨਵੇਂ ਆਯਾਮਾਂ ਦੀ ਸੋਝੀ ਕਰਾਉਂਦੀਆਂ ਹਨ। ਇਨ੍ਹਾਂ ਰਚਨਾਵਾਂ ਦਾ ਵਿਸ਼ੈਗਤ ਮਾੱਡਲ ਜੀਵਨ ਦੇ ਮੂਲ ਮਾਨਵੀ ਹਿੱਤਾਂ ਅਤੇ ਹੋਂਦ-ਮੁਖੀ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੈ ਅਤੇ ਸਮੇਂ-ਸਥਾਨ ਤੋਂ ਪਾਰ ਜਾ ਕੇ ਵਿਸ਼ਵ-ਵਿਆਪੀ ਮਹੱਤਵ ਦਾ ਧਾਰਣੀ ਹੋ ਨਿਬੜਦਾ ਹੈ। ਇਸ ਤੋਂ ਇਲਾਵਾ ਸੁਜਹਾਤਮਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਕਲਾਸਿਕ ਰਚਨਾ ਵਿੱਚ ਰੂਪਾਤਮਕ ਇਕਸੁਰਤਾ, ਸੰਤੁਲਨ, ਪ੍ਰੌੜ੍ਹਤਾ ਅਤੇ ਸੰਜਮ ਵਰਗੇ ਗੁਣ ਵੀ ਮੌਜੂਦ ਹੁੰਦੇ ਹਨ ਜੋ ਉਸ ਨੂੰ ਕਲਾਤਮਕ ਉਤਕ੍ਰਿਸ਼ਟਤਾ ਪ੍ਰਦਾਨ ਕਰਦੇ ਹਨ।[2]

ਮੱਧਕਾਲੀਨ ਪੰਜਾਬੀ ਸਾਹਿਤ ਨੂੰ ਕਲਾਸਿਕਤਾ ਦੇ ਪਰਿਪੇਖ ਵਿਚ ਰੱਖ ਕੇ ਵਾਚਣ ਅਤੇ ਵਿਚਾਰਨ ਲਈ ਸੱਭ ਤੋਂ ਪਹਿਲਾਂ ਸਾਹਿਤ ਅਤੇ ਸਭਿਆਚਾਰ ਦੇ ਪਰਸਪਰ ਰਿਸ਼ਤੇ ਅਤੇ ਇਨ੍ਹਾਂ ਦੇ ਸੰਕਲਪਗਤ ਸਰੂਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਸਾਹਿਤ ਅਤੇ ਸਭਿਆਚਾਰ ਮਾਨਵੀ ਵਰਤਾਰੇ ਅਤੇ ਵਿਹਾਰ ਦੇ ਦੋ ਮਹੱਤਵਪੂਰਣ ਖੇਤਰ ਹਨ। ਓਪਰੀ ਨਜ਼ਰੇ ਭਾਵੇਂ ਇਹ, ਆਪੋ ਆਪਣੀਆਂ ਵਿਸ਼ੇਸ਼ਤਾਵਾਂ ਰੱਖਣ ਵਾਲੇ, ਸਵੈ-ਆਧਾਰੀ ਖੇਤਰ ਦਿਖਾਈ ਦਿੰਦੇ ਹਨ ਪਰ ਇਨ੍ਹਾਂ ਦੀ ਪ੍ਰਕਿਰਤੀ ਅਤੇ ਹੋਂਦ-ਵਿਧੀ ਵਿਚ ਡੂੰਘੀ ਸਮਾਨਤਾ ਅਤੇ ਸਾਂਝ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਇਨ੍ਹਾਂ ਦੋਹਾਂ ਦਾ ਆਪਸ ਵਿਚ ਡੂੰਘਾ ਵਾਲਾ ਰਿਸ਼ਤਾ ਹੈ। ਅਰਥਾਤ, ਜੇ ਸਭਿਆਚਾਰ ਇਕ ਸਮੁੱਚਾ ਅਤੇ ਵਿਆਪਕ ਮਨੁੱਖੀ ਵਰਤਾਰਾ ਹੈ ਤਾਂ ਸਾਹਿਤ ਇਸਦੇ ਅਨੇਕਾਂ ਪ੍ਰਗਟਾਉ-ਰੂਪਾਂ ਵਿਚੋਂ ਇਕ ਹੈ। ਇਹੀ ਕਾਰਣ ਹੈ ਕਿ ਭਾਵੇਂ ਸਿੱਧਾਂਤਕ ਤੌਰ ਤੇ ਇਨ੍ਹਾਂ ਦੋਹਾਂ ਨੂੰ ਇਕ ਦੂਸਰੇ ਨਾਲੋਂ ਨਿਖੇੜ ਕੇ ਵਾਚਿਆ ਤੇ ਵਿਚਾਰਿਆ ਜਾ ਸਕਦਾ ਹੈ ਪਰ ਵਿਹਾਰਕ ਪੱਧਰ ਉੱਤੇ ਇਹ ਇਕ ਦੂਸਰੇ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਨ ਵਾਲੇ ਅੰਤਰ-ਸੰਬੰਧਿਤ ਖੇਤਰ ਸਿੱਧ ਹੁੰਦੇ ਹਨ।

ਕਲਾਸਿਕਤਾ ਦੀ ਤਲਾਸ਼ ਲਈ ਅਸੀਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਆਦਿਕਾਲ ਅਤੇ ਮੱਧਕਾਲ ਨੂੰ ਹੀ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ। ਇਸ ਸਮੁੱਚੇ ਦੌਰ ਵਿਚ ਪੰਜਾਬੀ ਸਭਿਆਚਾਰ ਆਪਣੇ ਨਿਕਾਸ ਅਤੇ ਵਿਕਾਸ ਦੇ ਅਨੇਕਾਂ ਮਹੱਤਵਪੂਰਣ ਪੜਾਵਾਂ ਥਾਣੀ ਲੰਘਦਾ ਹੈ ਅਤੇ ਆਪਣੇ ਸੁਭਾ ਅਤੇ ਚਰਿਤਰ ਦੀਆਂ ਨਿਖੜਵੀਆਂ

---

[1] A classic stands the test of time. The work is usually considered to be a representation of the period in which it was written; and the work merits lasting recognition . . . A classic has a certain universal appeal. Great works of literature touch us to our very core beings--partly because they integrate themes that are understood by readers from a wide range of backgrounds and levels of experience. When traditional literary scholars refer to classical literature, they usually mean that this literature is widely acknowledged as having outstanding or enduring qualities.

[2] The aesthetic and cultural perspective guided by admiration for what are perceived as classical qualities: order, maturity, harmony, balance, moderation.

ਵਿਸ਼ੇਸ਼ਤਾਵਾਂ ਗ੍ਰਹਿਣ ਕਰਦਾ ਹੈ। ਸਾਹਿਤਕ ਦ੍ਰਿਸ਼ਟੀ ਤੋਂ ਇਹ ਦੌਰ ਰਿਗਵੇਦ, ਮਹਭਾਰਤ ਅਤੇ ਆਦਿ ਗ੍ਰੰਥ ਵਰਗੇ ਮਹਾ-ਗ੍ਰੰਥਾਂ ਦੀ ਸਿਰਜਣਾ ਦਾ ਦੌਰ ਹੈ ਜਿਨ੍ਹਾਂ ਦਾ ਪਾਠ ਤੇ ਪ੍ਰਵਚਨ ਤਤਕਾਲੀਨ ਸਭਿਆਚਾਰ ਦੀ ਹਕੀਕਤ ਨੂੰ ਮੂਰਤੀਮਾਨ ਕਰਨ ਦੇ ਨਾਲ ਨਾਲ ਉਸਦੀ ਪੁਨਰ-ਉਸਾਰੀ ਵੀ ਕਰਦਾ ਹੈ। ਇਸਤੋਂ ਇਲਾਵਾ ਇਸ ਦੌਰ ਵਿਚ ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਵੀਰ ਕਾਵਿ ਵਰਗੀਆਂ ਮਹੱਤਵਪੂਰਣ ਸਾਹਿਤਕ ਧਾਰਾਵਾਂ ਸਾਮ੍ਹਣੇ ਆਉਂਦੀਆਂ ਹਨ ਜੋ ਆਪੋ ਆਪਣੇ ਢੰਗ ਨਾਲ ਪੰਜਾਬੀ ਸਭਿਆਚਾਰ ਦੇ ਜੀਵੰਤ ਸਰੋਕਾਰਾਂ ਅਤੇ ਜੀਵਨ-ਜਾਚ ਦੀ ਤਰਜਮਾਨੀ ਕਰਦੀਆਂ ਹਨ। ਇਹ ਪੰਜਾਬੀ ਬੰਦੇ ਨੂੰ ਰੂਹਾਨੀਅਤ, ਆਸ਼ਕੀ, ਫ਼ਕੀਰੀ ਅਤੇ ਬਹਾਦਰੀ ਨਵੇਂ ਪ੍ਰਤਿਮਾਨ ਵੀ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਕਾਵਿਧਾਰਾਵਾਂ ਦਾ ਸਿਰਜਿਤ ਸੰਸਾਰ ਆਪਣੇ ਵਿਸ਼ੈਗਤ ਸਰੋਕਾਰਾਂ ਅਤੇ ਪ੍ਰਗਟਾਉ-ਵਿਧੀਆਂ ਦੇ ਹਵਾਲੇ ਨਾਲ ਪਰੰਪਰਾ ਤੇ ਨਿਰੰਤਰਤਾ ਦਾ ਪ੍ਰਮਾਣ ਪੇਸ਼ ਕਰਦਾ ਹੈ। ਇਹ ਕਾਵਿਧਾਰਾਵਾਂ ਭਾਰਤ ਦੇ ਕਲਾਸੀਕਲ ਵਿਰਸੇ ਅਤੇ ਇੱਥੋਂ ਦੀ ਲੋਕਧਾਰਾ, ਦੋਹਾਂ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹਨ। ਇਹੀ ਕਾਰਣ ਹੈ ਕਿ ਪੰਜਾਬੀ ਦੇ ਇਸ ਸਮੁੱਚੇ ਮੱਧਕਾਲੀ ਸਾਹਿਤ ਨੂੰ ਹੱਕੀ ਤੌਰ ਤੇ ਕਲਾਸਿਕੀ ਸਾਹਿਤ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਸਾਡਾ ਸਰਕਾਰ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਧਾਰਾਵਾਂ ਅਤੇ ਪ੍ਰਵਿਰਤੀਆਂ ਨੂੰ ਕਲਾਸਿਕਤਾ ਦੇ ਹਵਾਲੇ ਨਾਲ ਵਾਚਣ ਨਾਲ ਹੈ।

ਅਜੋਕੇ ਰੂਪ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਕਾਸ ਮੱਧਕਾਲ ਦੌਰਾਨ ਹੋਇਆ। ਇਸ ਦੌਰ ਦੀ ਮੁੱਖ ਪ੍ਰਾਪਤੀ ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਵੀਰ ਕਾਵਿ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਸੱਭ ਤੋਂ ਪਹਿਲਾਂ ਅਸੀਂ ਗੁਰਮਤਿ ਕਾਵਿ ਨੂੰ ਦ੍ਰਿਸ਼ਟੀਗੋਚਰ ਕਰ ਸਕਦੇ ਹਾਂ ਜਿਸਦਾ ਪ੍ਰਾਮਾਣਿਕ ਸੰਕਲਨ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਰੂਪ ਵਿਚ ਪ੍ਰਾਪਤ ਹੈ। 'ਧੁਰ ਕੀ ਬਾਣੀ' ਜਾਂ 'ਸ਼ਬਦ ਗੁਰੂ' ਵਜੋਂ ਮਾਨਤਾ ਰੱਖਣ ਵਾਲੇ ਇਸ ਅਦੁੱਤੀ ਧਰਮ-ਗ੍ਰੰਥ ਵਿਚ ਸਿੱਖ ਧਰਮ ਦੇ ਪ੍ਰਵਰਤਕ ਗੁਰੁ ਨਾਨਕ ਦੇਵ ਅਤੇ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ-ਸੰਤ ਬਾਬਾ ਫ਼ਰੀਦ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਬਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਈਸਵੀ ਤਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਇਹ ਪਾਵਨ ਰਚਨਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ। ਇਹੀ ਕਾਰਣ ਹੈ ਕਿ ਸਿੱਖ-ਵਿਰਸੇ ਦੀ ਇਸ ਪਾਵਨ ਰਚਨਾ ਨੂੰ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਭਿਆਚਾਰਕ ਟੈਕਸਟ ਵਜੋਂ ਵੀ ਵਾਚਿਆ ਜਾ ਸਕਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾ ਮੱਧਕਾਲੀਨ ਭਾਰਤ ਦੇ ਉਸ ਦੌਰ ਦੀ ਪ੍ਰਤਿਨਿਧਤਾ ਕਰਦੀ ਹੈ ਜਿਸਨੂੰ ਸਭਿਆਚਾਰਕ ਨਵ-ਜਾਗ੍ਰਿਤੀ ਦਾ ਦੌਰ ਆਖਿਆ ਗਿਆ ਹੈ। ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆਂ ਜਾ ਸਕਦਾ ਹੈ। ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਆਦਿ ਗ੍ਰੰਥ ਬਾਣੀ ਨੂੰ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ ਵੀ ਆਖਿਆ ਜਾ ਸਕਦਾ ਹੈ। ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗ਼ਲ

ਸਾਮੰਤਵਾਦ ਅਤੇ ਜਾਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸ਼ਣ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ।

ਇਹ ਬਾਣੀ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਰਾਹ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉੱਸਰ ਰਹੇ ਸੰਜੁਗਤ ਸਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥  
ਕੋਈ ਸੇਵੈ ਗੁਸਈਆ ਕੋਈ ਅਲਾਹਿ॥1॥ਕਾਰਣ ਕਰਣ ਕਰੀਮ ॥  
ਕਿਰਪਾ ਧਾਰਿ ਰਹੀਮ ॥1॥ ਰਹਾਉ ॥  
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥  
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥2॥  
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥3॥  
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥  
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥  
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥  
ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ॥5॥9॥[3]

ਇਉਂ ਆਦਿ ਗ੍ਰੰਥ ਦੇ ਪ੍ਰਵਚਨ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪ੍ਰਸਤੁਤ ਕਰਕੇ ਇਨ੍ਹਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਆਦਿ ਗ੍ਰੰਥ ਬਾਣੀ ਵਿਚ ਪੇਸ਼ ਹੋਈ ਸਭਿਆਚਾਰਕ ਕ੍ਰਾਂਤੀ ਦਾ ਮਹੱਤਵਪੂਰਣ ਪਹਿਲੂ ਸਮਾਜ ਦੇ ਦੱਬੇ-ਕੁਚਲੇ ਅਤੇ ਨਿਤਾਣੇ ਵਰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ। ਇਸ ਪ੍ਰਵਚਨ ਵਿਚ ਵਿਸ਼ੇਸ਼ ਤੌਰ ਤੇ ਹਾਕਮ ਸ੍ਰੇਣੀ ਦੀ ਲੁੱਟ-ਖਸੁੱਟ ਦੇ ਸ਼ਿਕਾਰ ਮਿਹਨਤਕਸ਼ ਕਿਸਾਨਾਂ ਅਤੇ ਕਿਰਤੀਆਂ ਅਤੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਹੱਥੋਂ ਸਤਾਏ ਹੋਏ ਦਲਿਤ ਵਰਗਾਂ ਦਾ ਪੱਖ ਪੂਰਿਆ ਗਿਆ ਹੈ। ਇਸੇ ਕਿਸਮ ਦੀ ਭਾਵਨਾ ਦਾ ਸਮੂਰਤ ਪ੍ਰਗਟਾਵਾ ਗੁਰੂ ਨਾਨਕ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥  
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

---

[3] ਆਦਿ ਗ੍ਰੰਥ, ਪੰਨਾ – 885

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸੁ।[4]

ਇਸੇ ਤਰ੍ਹਾਂ ਭਗਤ ਕਬੀਰ ਨੇ ਵੀ ਆਪਣੀ ਬਾਣੀ ਰਾਹੀਂ ਮਨੁੱਖੀ ਸਮਾਜ ਨੂੰ ਕੁਲ ਅਤੇ ਜਾਤੀ ਦੇ ਆਧਾਰਾਂ ਅਨੁਸਾਰ ਵੰਡਣ ਵਾਲੀ ਮਿੱਥ ਨੂੰ ਤੋੜਿਆ ਹੈ ਕੀਤਾ ਹੈ। ਉਨ੍ਹਾਂ ਦਾ ਵਿਵੇਕ ਇਸ ਤੱਥ ਵਲ ਸੰਕੇਤ ਕਰਦਾ ਹੈ ਕਿ ਬ੍ਰਾਹਮਣ (ਕੁਲੀਨ) ਅਤੇ ਸੂਦ (ਦਲਿਤ) ਦੋਵੇਂ ਹੀ ਸੰਸਾਰ ਦੇ ਸਮੂਹ ਪ੍ਰਾਣੀਆਂ ਵਾਂਗ ਬ੍ਰਹਮ ਬਿੰਦੂ ਦੀ ਉਪਜ ਹਨ। ਇਨ੍ਹਾਂ ਵਿਚਕਾਰ ਸਿਰਜੀ ਗਈ ਵਿੱਥ ਮਸਨੂਈ ਹੈ।

ਮਹੱਤਵਪੂਰਣ ਗੱਲ ਇਹ ਹੈ ਕਿ ਆਦਿ ਗ੍ਰੰਥ ਬਾਣੀ ਵਿਚਲੀ ਕ੍ਰਾਂਤੀਕਾਰੀ ਚੇਤਨਾ ਸਿਰਫ਼ ਸਾਮਾਜਿਕ ਅਤੇ ਸਭਿਆਚਾਰਕ ਖੇਤਰ ਤਕ ਸੀਮਿਤ ਨਹੀਂ ਸਗੋਂ ਇਥੇ ਹਾਕਮ-ਸ਼੍ਰੇਣੀ ਦੇ ਲੋਟੂ ਕਿਰਦਾਰ ਦੀ ਵੀ ਤਿੱਖੀ ਆਲੋਚਨਾ ਕਤਿ ਗਈ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਇਹ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ।[5]

ਇਸ ਤਰ੍ਹਾਂ ਅਦਿ ਗ੍ਰੰਥ ਦਾ ਪ੍ਰਵਚਨ ਆਪਣੇ ਵੇਲੇ ਦੇ ਸਾਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਯਥਾਰਥ ਦੀ ਤਸਵੀਰ ਵੀ ਪੇਸ਼ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਤਤਕਾਲੀ ਇਤਿਹਾਸਕ ਵੰਗਾਰਾਂ ਨਾਲ ਨਜਿਠਣ ਵਾਲੇ ਕ੍ਰਾਂਤੀਕਾਰੀ ਸਭਿਆਚਾਰ ਦੀ ਸਿਰਜਣਾ ਵੀ ਕਰਦਾ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਆਦਿ ਗ੍ਰੰਥ ਦਾ ਇਹ ਪ੍ਰਵਚਨ ਭਾਰਤ ਦੇ ਕਲਾਸੀਕਲ ਵਿਰਸੇ ਨਾਲ ਸੰਵਾਦ ਰਚਾਉਂਦਾ ਹੈ। ਇਸ ਵਿੱਚ ਹਿੰਦੂ-ਆਰੀਆਈ ਧਰਮ-ਦਰਸ਼ਨ ਨਾਲ ਸੰਬੰਧਿਤ ਵੈਦਿਕ ਵਿਰਸਾ ਅਤੇ ਬੋਧ ਦਰਸ਼ਨ ਨਾਲ ਸੰਬੰਧਿਤ ਅਵੈਦਿਕ ਵਿਰਸਾ ਵੀ ਸ਼ਾਮਿਲ ਹੈ। ਇਸ ਗੱਲ ਦਾ ਪ੍ਰਮਾਣ ਇਸ ਵਿੱਚ ਵਰਤੀ ਗਈ ਸੰਕਲਪੀ ਸ਼ਬਦਾਵਲੀ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਬਾਣੀਕਾਰ ਮਨੁੱਖੀ ਜੀਵਨ ਅਤੇ ਯਥਾਰਥ ਨੂੰ ਪਰਿਭਾਸ਼ਿਤ ਕਰਨ ਲਈ ਜਿੱਥੇ ਬ੍ਰਹਮ/ਜੀਵ/ਮੁਕਤੀ ਦੇ ਵੈਦਿਕ ਸੰਕਲਪ-ਪ੍ਰਬੰਧ ਦੀ ਵਰਤੋਂ ਕਰਦੇ ਹਨ ਓਥੇ ਸੁੰਨ/ਭਵ/ਨਿਰਵਾਣ ਦਾ ਅਵੈਦਿਕ ਜਾਂ ਬੋਧ ਮੁਹਾਵਰਾ ਵੀ ਵਰਤਦੇ ਹਨ। ਇਸ ਤਰ੍ਹਾਂ ਇਨ੍ਹਾਂ ਬਾਣੀਕਾਰਾਂ ਦੀ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਸਮੁੱਚੇ ਭਾਰਤੀ ਧਰਮ-ਦਰਸ਼ਨ ਨਾਲ ਸਿਰਜਣਾਤਮਕ ਸੰਵਾਦ ਰਚਾਉਂਦੀ ਹੈ ਅਤੇ ਉਸ ਨੂੰ ਮੱਧਕਾਲ ਦੇ ਬਦਲੇ ਹੋਏ ਸਾਮਾਜਿਕ ਅਤੇ ਸਭਿਆਚਾਰਕ ਪਰਿਪੇਖ ਵਿੱਚ ਪੁਨਰ-ਸਿਰਜਿਤ ਕਰ ਕੇ ਨਿਰੰਤਰਤਾ ਵਿੱਚ ਪ੍ਰਵਾਹਿਤ ਕਰ ਦਿੰਦੀ ਹੈ। ਇਸੇ ਤਰ੍ਹਾਂ ਇਹ ਬਾਣੀਕਾਰ ਸੂਫ਼ੀਵਾਦ ਜਾਂ ਤਸੱਵੁਫ਼ ਦੇ ਹਵਾਲੇ ਨਾਲ ਸਾਮੀ-ਇਸਲਾਮੀ ਧਰਮ-ਦਰਸ਼ਨ ਦੀ ਪਰੰਪਰਾ ਨਾਲ ਵੀ ਸੰਵਾਦ ਰਚਾਉਂਦੇ ਹਨ ਅਤੇ ਮਨੁੱਖੀ ਜੀਵਨ ਦੇ ਸਰਕਾਰਾਂ ਨੂੰ ਪੁਨਰ-ਪਰਿਭਾਸ਼ਿਤ ਕਰਦੇ ਹਨ। ਗੁਰਬਾਣੀ ਦਾ ਇਹ ਸਿਰਜਿਤ ਪ੍ਰਵਚਨ ਭਾਵੇਂ ਮੱਧਕਾਲੀਨ ਭਾਰਤ ਦੇ ਸਾਮਾਜਿਕ ਅਤੇ ਸਭਿਆਚਾਰਕ ਪਰਿਪੇਖ ਵਿੱਚ ਅਤੇ ਤਤਕਾਲੀਨ ਇਤਿਹਾਸਕ ਪਰਿਸਥਿਤੀਆਂ ਦੇ ਸੰਦਰਭ ਵਿੱਚ ਸਿਰਜਿਆ ਗਿਆ ਹੈ ਪਰ ਇਸ ਵਿੱਚ ਪੇਸ਼ ਹੋਈਆਂ ਦਾਰਸ਼ਨਿਕ ਅੰਤਰ-ਦ੍ਰਿਸ਼ਟੀਆਂ ਵਰਤਮਾਨ ਵਿੱਚ ਵੀ ਅਤਿਅੰਤ ਸਾਰਥਕ ਤੇ ਪ੍ਰਾਸੰਗਿਕ ਹਨ ਕਿਉਂ ਜੋ

[4] ਆਦਿ ਗ੍ਰੰਥ, ਪੰਨਾ - 15

[5] ਆਦਿ ਗ੍ਰੰਥ, ਪੰਨਾ - 1288

ਇਨ੍ਹਾਂ ਦੇ ਵਿਸ਼ੈਗਤ ਸਰੋਕਾਰ ਮਨੁੱਖੀ ਹੋਂਦ ਦੇ ਸਦੀਵੀ ਮਸਲਿਆਂ ਨਾਲ ਵੀ ਸੰਬੰਧਿਤ ਹਨ। ਗੁਰਮਤਿ ਕਾਵਿ ਦਾ ਇਹੀ ਸਰੂਪ ਅਤੇ ਸੁਭਾ ਇਸ ਨੂੰ ਸਹਿਜੇ ਹੀ ਕਲਾਸਿਕਤਾ ਦਾ ਰੁਤਬਾ ਪ੍ਰਦਾਨ ਕਰ ਦਿੰਦਾ ਹੈ।

ਗੁਰਬਾਣੀ ਜਾਂ ਗੁਰਮਤਿ ਕਾਵਿ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਲੋਕ ਕਾਵਿ-ਰੂਪਾਂ ਅਤੇ ਲੋਕਧਾਰਾਈ ਰਚਨਾ-ਰੂੜ੍ਹੀਆਂ ਦੀ ਵਿਆਪਕ ਵਰਤੋਂ ਕੀਤੀ ਗਈ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਬਾਣੀਕਾਰਾਂ ਨੇ ਲੋਕਧਾਰਾਈ ਵਿਰਸੇ ਦੀਆਂ ਕੇਵਲ ਪ੍ਰਗਟਾਉ-ਜੁਗਤਾਂ ਹੀ ਵਰਤੀਆਂ ਹਨ ਉਨ੍ਹਾਂ ਦੇ ਮਾਧਿਅਮ ਰਾਹੀਂ ਪੇਸ਼ ਹੋਣ ਵਾਲੀ ਵਸਤੂ ਦਾ ਅਨੁਕਰਣ ਨਹੀਂ ਕੀਤਾ। ਮਿਸਾਲ ਵਜੋਂ ਗੁਰਬਾਣੀ ਵਿੱਚ ਵਰਤੇ ਗਏ 'ਅਲਾਹੁਣੀ' ਦੇ ਕਾਵਿ-ਰੂਪ ਦੀ ਗੱਲ ਕੀਤੀ ਜਾ ਸਕਦੀ ਹੈ। ਮੂਲ ਰੂਪ ਵਿਚ ਇਹ ਪੰਜਾਬ ਦਾ ਇਕ ਸੋਗਮਈ ਲੋਕਗੀਤ ਹੈ। ਇਸਦਾ ਸੰਬੰਧ ਪੰਜਾਬ ਦੀ ਪੁਰਾਣੀ ਰਹਿਤਲ ਨਾਲ ਹੈ। ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਪਿੰਡ ਜਾਂ ਕਸਬੇ ਦੀ ਨੈਣ, ਮਿਰਾਸਣ ਜਾਂ ਮਿਸਰਾਣੀ ਖਲੋ ਕੇ ਮ੍ਰਿਤ ਵਿਅਕਤੀ ਦਾ ਨਾਂ ਲੈਕੇ ਅਲਾਹੁਣੀ ਦੇ ਵੈਣਭਰੇ ਸੋਗੀ ਬੋਲ ਉਚਾਰਦੀ ਹੈ। ਬਾਣੀਕਾਰਾਂ ਨੇ ਲੋਕ ਕਾਵਿ-ਰੂਪਾਂ ਨਾਲ ਆਪਣੀ ਡੂੰਘੀ ਸਾਂਝ ਦਾ ਪ੍ਰਗਟਾਵਾ ਕਰਦਿਆਂ ਜਿਵੇਂ ਇਸਦੇ ਵਿਭਿੰਨ ਕਾਵਿ-ਰੂਪਾਂ ਨੂੰ ਕਾਵਿ ਸਿਰਜਣ ਦੀ ਜੁਗਤ ਵਜੋਂ ਵਰਤਿਆ ਉਵੇਂ ਹੀ ਇਸ ਕਾਵਿ-ਰੂਪ ਦੀ ਵਰਤੋਂ ਵੀ ਕੀਤੀ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਨ੍ਹਾਂ ਅਲਾਹੁਣੀਆਂ ਵਿਚ ਸੋਗ ਦਾ ਮਾਹੌਲ ਤਾਂ ਉਸਾਰਿਆ ਗਿਆ ਹੈ ਪਰ ਨਾਲ ਹੀ ਮਨੁੱਖ ਨੂੰ ਮੌਤ ਦੇ ਭੈ ਤੋਂ ਮੁਕਤ ਕਰਨ ਦੀ ਚੇਸ਼ਟਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਦਾਹਰਣ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥
ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥
ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥1॥"[6]

ਇਨ੍ਹਾਂ ਕਾਵਿ-ਪੰਗਤੀਆਂ ਵਿਚ ਬਾਣੀਕਾਰ ਨੇ ਮੌਤ ਨੂੰ ਮਨੁੱਖੀ ਹੋਂਦ ਦੀ ਅਟੱਲ ਸਚਾਈ ਵਜੋਂ ਪੇਸ਼ ਕਰਦਿਆਂ ਬ੍ਰਹਿਮੰਡੀ ਪਰਿਪੇਖ ਦੀ ਉਸਾਰੀ ਕੀਤੀ ਹੈ ਜਿਸਦਾ ਅੰਤਿਮ ਪ੍ਰਯੋਜਨ ਮੌਤ ਦੇ ਦੁੱਖਦਾਈ ਅਹਿਸਾਸ ਨੂੰ ਭਾਣੇ ਦੀ ਭਾਵਨਾ ਵਿਚ ਪਰਿਵਰਤਿਤ ਕਰਨਾ ਹੈ। ਇਸ ਤਰ੍ਹਾਂ ਬਾਣੀਕਾਰਾਂ ਦਾ ਇਹ ਜਤਨ ਇਕ ਪ੍ਰਚੱਲਤ ਲੋਕ ਕਾਵਿ-ਰੂਪ ਨੂੰ ਸੰਚਾਰ-ਮਾਡਲ ਵਜੋਂ ਵਰਤ ਕੇ ਨਵੀਨ ਅਰਥਾਂ ਦੀ ਸਿਰਜਣਾ ਕਰਨ ਦਾ ਉਪਰਾਲਾ ਹੀ ਮੰਨਿਆਂ ਜਾਵੇਗਾ। ਇਸੇ ਤਰ੍ਹਾਂ ਦਾ ਉਪਰਾਲਾ ਬਾਰਹ ਮਾਹ, ਵਾਰ ਅਤੇ ਹੋਰਨਾਂ ਲੋਕ ਕਾਵਿ-ਰੂਪਾਂ ਦੇ ਸੰਦਰਭ ਵਿੱਚ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਆਖਿਆ ਜਾ ਸਕਦਾ ਹੈ ਕਿ ਬਾਣੀਕਾਰਾਂ ਨੇ ਲੋਕ ਕਾਵਿ-ਰੂਪਾਂ ਦੀ ਰਚਨਾ-ਜੁਗਤ ਨੂੰ ਕਾਵਿਕ ਪ੍ਰਗਟਾਵੇ ਦੀ ਕਲਾਸੀਕਲ ਜੁਗਤ ਬਣਾ ਦਿੱਤਾ ਹੈ।

---

[6] ਆਦਿ ਗ੍ਰੰਥ, ਪੰਨਾ - 578-79.

ਕੁਝ ਅਜੋਕੇ ਵਿਦਵਾਨਾਂ ਨੇ ਭਗਤੀ ਕਾਵਿ ਅਤੇ ਗੁਰਬਾਣੀ ਨੂੰ ਕਲਾਸੀਕਲ ਭਾਰਤੀ ਕਾਵਿਸ਼ਾਸਤਰ ਨਾਲ ਸੰਬੰਧਿਤ ਕਰਨ ਦੀ ਚੇਸ਼ਟਾ ਕੀਤੀ ਹੈ ਅਤੇ ਇਹ ਉਪਰਾਲਾ ਕਿਸੇ ਹੱਦ ਤਕ ਸਫਲ ਵੀ ਸਿੱਧ ਹੋਇਆ ਹੈ। ਇਨ੍ਹਾਂ ਚਿੰਤਕਾਂ ਨੇ ਭਗਤੀ ਕਾਵਿ (ਜਿਸ ਵਿਚ ਗੁਰਬਾਣੀ ਵੀ ਸ਼ਾਮਿਲ ਹੈ) ਦੇ ਸੰਦਰਭ ਵਿਚ ਸ਼ਾਂਤ-ਰਸ ਦੀ ਸੰਕਲਪਨਾ ਪੇਸ਼ ਕੀਤੀ ਹੈ ਅਤੇ ਇਸਦਾ ਸਥਾਈ ਭਾਵ ਨਿਰਵੇਦ ਨੂੰ ਮੰਨਿਆਂ ਹੈ। ਪਰੰਤੂ ਰਤਾ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਬਾਣੀਕਾਰਾਂ ਦਾ ਪ੍ਰਯੋਜਨ ਰਸ-ਸਿਰਜਣ ਨਹੀਂ ਸਗੋਂ ਪਰਮਾਰਥ-ਚਿੰਤਨ ਰਿਹਾ ਹੈ। ਗੁਰਬਾਣੀ ਦੇ ਰਚਨਾ-ਸੰਸਾਰ ਵਿਚ ਕਿਧਰੇ ਕਿਧਰੇ ਲੌਕਿਕ ਰਸ ਦੀ ਅਨੁਭੂਤੀ ਨਾਲ ਸੰਬੰਧਿਤ ਕੁਝ ਪੰਗਤੀਆਂ ਅਵੱਸ਼ ਮਿਲ ਜਾਂਦੀਆਂ ਹਨ ਪਰੰਤੂ ਜਦੋਂ ਉਨ੍ਹਾਂ ਪੰਗਤੀਆਂ ਨੂੰ ਬਾਣੀ ਕਿਰਤ ਦੇ ਸਮੁੱਚੇ ਸੰਦਰਭ ਵਿਚ ਰੱਖ ਕੇ ਵਾਚਿਆ ਜਾਂਦਾ ਹੈ ਤਾਂ ਇਹ ਕੇਵਲ ਰਸ ਦਾ ਆਭਾਸ ਹੀ ਕਰਾਉਂਦੀਆਂ ਹਨ ਉਸਦੀ ਸਮੂਰਤ ਉਸਾਰੀ ਨਹੀਂ ਕਰਦੀਆਂ। ਮਿਸਾਲ ਵਜੋਂ ਗੁਰੂ ਨਾਨਕ ਦੇਵ ਰਚਿਤ 'ਬਾਰਹ ਮਾਹ' ਤੁਖਾਰੀ ਰਚਨਾ ਦੇਖੀ ਜਾ ਸਕਦੀ ਹੈ। ਓਪਰੀ ਨਜ਼ਰ ਨਾਲ ਦੇਖਿਆਂ ਭਾਵੇਂ ਇਸ ਦਾ ਹਰ ਕਾਵਿ-ਬੰਦ ਬਿਰਹੁੰ-ਕੁੱਠੀ ਕਾਮਨੀ ਦੀ ਮਨੋਸਥਿਤੀ ਅਤੇ ਭਾਵੁਕ ਵੇਦਨਾ ਨੂੰ ਪ੍ਰਗਟਾਉਂਦਾ ਜਾਪਦਾ ਹੈ ਪਰੰਤੂ ਇਨ੍ਹਾਂ ਸਮੂਹ ਕਾਵਿ-ਬੰਦਾਂ ਵਿਚਲੀਆਂ ਅੰਤਿਮ ਪੰਗਤੀਆਂ ਹਰਿ (ਬ੍ਰਹਮ) ਦੇ ਸੰਦਰਭ ਨਾਲ ਜਾ ਜੁੜਦੀਆਂ ਹਨ ਜਿਸ ਕਾਰਣ ਲੌਕਿਕ ਰਸ ਦੀ ਝਾਕੀ ਅਧਿਆਤਮ-ਚੇਤਨਾ ਦੇ ਅਮੂਰਤ ਸੰਕਲਪ ਵਿਚ ਬਦਲ ਜਾਂਦੀ ਹੈ। ਮਿਸਾਲ ਵਜੋਂ ਇਸ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥" [7]

ਇਨ੍ਹਾਂ ਕਾਵਿ-ਪੰਗਤੀਆਂ ਵਿਚ 'ਹਰਿ' ਬ੍ਰਹਮ ਦਾ ਲਖਾਇਕ ਪਾਰਗਾਮੀ ਚਿਹਨਕ ਹੈ ਜਿਸਦੀ ਹਾਜ਼ਰੀ ਵਿਚ ਬਿਰਹਣੀ ਨਾਇਕਾ ਦਾ ਲੌਕਿਕ ਬਿੰਬ ਢਹਿ-ਢੇਰੀ ਹੋ ਜਾਂਦਾ ਹੈ। ਇਹੀ ਕਾਰਣ ਹੈ ਕਿ ਇਹ ਰਸ-ਸਿਰਜਣ ਦਾ ਪਰੰਪਰਕ ਆਧਾਰ ਨਹੀਂ ਬਣ ਸਕਦਾ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦਾ ਪ੍ਰਵਚਨ ਕਲਾਸੀਕਲ ਸੰਸਕ੍ਰਿਤ ਕਾਵਿ ਦਾ ਅਨੁਕਰਣ ਨਹੀਂ ਕਰਦਾ ਸਗੋਂ ਉਸਦੀਆਂ ਰਚਨਾ-ਰੂੜ੍ਹੀਆਂ ਦੀ ਪ੍ਰਯੋਗਸ਼ੀਲ ਵਰਤੋਂ ਕਰਦਾ ਹੈ। ਤਾਂ ਵੀ ਇਸ ਕਾਵਿ ਦੀ ਕਲਾਸਿਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂ ਜੋ ਇਹ ਆਪਣੇ ਵਿਸ਼ੈਗਤ ਸਰੋਕਾਰਾਂ ਅਤੇ ਪ੍ਰਗਟਾਉ-ਵਿਧੀਆਂ ਦੇ ਹਵਾਲੇ ਨਾਲ ਓਸੇ ਤਰ੍ਹਾਂ ਦਾ ਪ੍ਰਭਾਵ ਸਿਰਜਦਾ ਹੈ ਜਿਸ ਤਰ੍ਹਾਂ ਦਾ ਪ੍ਰਭਾਵ ਕੋਈ ਉਤਕ੍ਰਿਸ਼ਟ

---

[7] ਅਦਿ ਗ੍ਰੰਥ, ਪੰਨਾ - 1107-8.

ਕਲਾਸਿਕ ਰਚਨਾ ਸਿਰਜਦੀ ਹੈ। ਇਸਦੀ ਕਲਾਸਿਕਤਾ ਦਾ ਰਹੱਸ ਕਿਸੇ ਪੂਰਬ-ਪ੍ਰਚੱਲਤ ਕਲਾਸਿਕਲ ਮਾੱਡਲ ਵਿੱਚ ਨਹੀਂ ਸਗੋਂ ਇਸਦੀ ਮੌਲਿਕ ਪ੍ਰਕਿਰਤੀ ਦੀ ਕਲਾਸਿਕਤਾ ਵਿੱਚ ਛੁਪਿਆ ਹੋਇਆ ਹੈ।

ਇਸ ਦੌਰ ਦੀ ਦੂਸਰੀ ਮਹੱਤਵਪੂਰਣ ਸਾਹਿਤਕ ਪ੍ਰਾਪਤੀ ਸੂਫ਼ੀ ਕਾਵਿਧਾਰਾ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਬੁਨਿਅਦੀ ਤੌਰ ਤੇ ਸੂਫ਼ੀਵਾਦ ਦਾ ਸੰਬੰਧ ਇਸਲਾਮ ਨਾਲ ਹੈ ਪਰ ਇਹ ਕੁਰਾਨਸ਼ਰੀਫ਼ ਦੇ ਅੰਤਰਮੁਖੀ ਅਧਿਆਤਮਕ ਅਰਥਾਂ (ਜ਼ਾਹਰ ਦੀ ਥਾਵੇਂ ਬਾਤਿਨ ਅਰਥਾਂ) ਉੱਤੇ ਬਲ ਦੇਣ ਵਾਲੀ ਵਿਚਾਰਧਾਰਾ ਹੈ। ਇਸੇ ਲਈ ਅਨੇਕਾਂ ਵਿਚਾਰਵਾਨਾਂ ਨੇ ਇਸਨੂੰ ਇਸਲਾਮ ਦੀ ਰਹੱਸਵਾਦੀ ਵਿਆਖਿਆ ਦੇ ਰੂਪ ਵਿਚ ਵੀ ਦੇਖਣ ਦਾ ਉਪਰਾਲਾ ਵੀ ਕੀਤਾ ਹੈ। ਇਸ ਕਾਵਿਧਾਰਾ ਦਾ ਮੁੱਢ ਬੰਨ੍ਹਣ ਵਾਲੇ ਪੰਜਾਬ ਦੇ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਫ਼ਰੀਦ ਹਨ ਜਿਨ੍ਹਾਂ ਦਾ ਜੀਵਨ ਕਾਲ 1173 ਈ. ਤੋਂ 1266 ਈ. ਤਕ ਹੈ।ਸ਼ੇਖ਼ ਫ਼ਰੀਦ (ਬਾਬਾ ਫ਼ਰੀਦ) ਦੇ ਵੱਡੇ ਵਡੇਰੇ ਭਾਵੇਂ ਬਾਹਰੋਂ ਆ ਕੇ ਪੰਜਾਬ ਦੀ ਧਰਤੀ ਉਪਰ ਵਸੇ ਸਨ ਪਰ ਇਨ੍ਹਾਂ ਨੇ ਆਪਣੇ ਆਪਨੂੰ ਸਥਾਨਕ ਸਭਿਆਚਾਰ ਦੀਆਂ ਰੀਤਾਂ ਅਤੇ ਰਵਾਇਤਾਂ ਅਨੁਸਾਰ ਢਾਲ ਲਿਆ ਅਤੇ ਇਥੋਂ ਦੀ ਬੋਲੀ (ਪੰਜਾਬੀ) ਵਿਚ ਹੀ ਕਾਵਿ ਸਿਰਜਣਾ ਕੀਤੀ। ਲੋਕ ਬੋਲੀ ਵਿਚ ਸੂਫ਼ੀ ਸ਼ਾਇਰੀ ਦੀ ਸਥਾਪਿਤ ਕੀਤੀ ਹੋਈ ਇਸ ਰਵਾਇਤ ਨੂੰ ਅਮੀਰ ਤੇ ਭਰਪੂਰ ਬਣਾਉਣ ਵਿਚ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇਸ਼ਾਹ ਅਤੇ ਗੁਲਾਮ ਫ਼ਰੀਦ ਵਰਗੇ ਮਹਾਨ ਸੂਫ਼ੀ ਸ਼ਾਇਰਾਂ ਨੇ ਵੱਡ-ਮੁੱਲਾ ਯੋਗਦਾਨ ਦਿੱਤਾ।

ਅਸਲ ਵਿਚ ਇਨ੍ਹਾਂ ਕਵੀਆਂ ਨੇ ਸ਼ਰ੍ਹਾਂ ਦੇ ਮੁਕਾਬਲੇ ਉੱਤੇ ਇਸ਼ਕ ਦਾ ਸੰਕਲਪ ਪੇਸ਼ ਕਰ ਕੇ ਧਰਮ ਨੂੰ ਰੂਹਾਨੀ ਅਨੁਭਵ ਨਾਲ ਜੋੜ ਦਿੱਤਾ ਹੈ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਸੂਫ਼ੀ ਸ਼ਾਇਰੀ ਪੰਜਾਬੀ ਲੋਕ ਵਿਰਸੇ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਮਨੁੱਖੀ ਜੀਵਨ ਦੇ ਸਦੀਵੀ ਸਰੋਕਾਰਾਂ ਦਾ ਪ੍ਰਗਟਾਵਾ ਕਰਦੀ ਹੈ। ਇਹ ਪੰਜਾਬੀ ਸਮਾਜ-ਸਭਿਆਚਾਰ ਵਿਚ ਪ੍ਰਚੱਲਤ ਰਸਮਾਂ-ਰੀਤਾਂ ਅਤੇ ਕਦਰਾਂ-ਕੀਮਤਾਂ ਨੂੰ ਸੰਚਾਰ-ਜੁਗਤਾਂ ਵਜੋਂ ਵਰਤਣ ਵਲ ਰੁਚਿਤ ਹੁੰਦੀ ਹੈ ਅਤੇ ਪ੍ਰਭਾਵਸ਼ਾਲੀ ਕਾਵਿ ਦਾ ਸਿਰਜਣ ਕਰਦੀ ਹੈ। ਮਹੱਤਵਪੂਰਣ ਗੱਲ ਇਹ ਕਿ ਪੰਜਾਬੀ ਸਾਹਿਤ ਦੀ ਸੂਫ਼ੀਆਨਾ ਰਵਾਇਤ ਦਾ ਵਿਚਾਰਧਾਰਾਈ ਆਧਾਰ ਭਗਤੀ ਕਾਵਿ ਅਤੇ ਗੁਰਬਾਣੀ ਨਾਲ ਮੇਲ ਖਾਂਦਾ ਹੈ। ਇਸਨੇ ਪੰਜਾਬੀ ਬੰਦੇ ਨੂੰ ਰੂਹਾਨੀ ਚੇਤਨਾ (ਤਸੱਵੁਫ਼) ਦੇ ਹਵਾਲੇ ਨਾਲ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਅਤੇ ਇਨਸਾਨ-ਦੋਸਤੀ ਦਾ ਪੈਗ਼ਾਮ ਦਿੱਤਾ। ਇਸ ਤਰ੍ਹਾਂ ਇਸ ਧਾਰਾ ਦੇ ਸਹਿਤ ਨੇ ਸਰਬ-ਸਾਂਝੇ ਪੰਜਾਬੀ ਸਭਿਆਚਾਰ ਦੀ ਉਸਾਰੀ ਵਿਚ ਭਰਪੂਰ ਯੋਗਦਾਨ ਦਿੱਤਾ। ਭਾਰਤੀ ਇਤਿਹਾਸ ਦਾ ਇਹ ਦੌਰ ਭਗਤੀ ਲਹਿਰ ਅਤੇ ਸੂਫ਼ੀ ਲਹਿਰ ਦੇ ਸਮਾਨੰਤਰ ਉਭਾਰ ਦਾ ਦੌਰ ਹੈ। ਜੇ ਇਕ ਪਾਸੇ ਭਗਤੀ ਲਹਿਰ ਨੇ ਆਪਸੀ ਪ੍ਰੇਮ ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਤਾਂ ਦੂਸਰੇ ਪਾਸੇ ਸੂਫ਼ੀ ਲਹਿਰ ਨੇ ਵੀ ਇਨਸਾਨ-ਦੋਸਤੀ ਅਤੇ ਰਵਾਦਾਰੀ ਦਾ ਪੈਗ਼ਾਮ ਦਿੱਤਾ। ਭਗਤੀ ਲਹਿਰ ਨੇ ਆਪਣੀ ਉਦਾਰ ਮਾਨਵਵਾਦੀ ਵਿਚਾਰਧਾਰਾ ਰਾਹੀਂ ਜਾਤੀ ਪ੍ਰਥਾ ਅਤੇ ਕਰਮ-ਕਾਂਡ ਦਾ ਖੰਡਨ ਕਰਦਿਆਂ ਹਿੰਦੂ ਸਮਾਜ ਵਿਚ ਜਾਗ੍ਰਿਤੀ ਲਿਆਂਦੀ ਅਤੇ ਵੇਲਾ ਵਿਹਾ ਚੁੱਕੀਆਂ ਮਾਨਵ-ਦੋਖੀ ਰਸਮਾਂ-ਰੀਤਾਂ ਦੀ ਗ਼ੁਲਾਮੀ ਤੋਂ ਮੁਕਤੀ ਦਿਵਾਣ ਦਾ ਜਤਨ ਕੀਤਾ। ਏਸੇ ਤਰ੍ਹਾਂ ਸੂਫ਼ੀ ਲਹਿਰ ਨੇ ਕੁਰਾਨ ਸ਼ਰੀਫ਼ ਦੇ ਅੰਦਰੂਨੀ (ਬਾਤਿਨ) ਅਰਥਾਂ ਦੀ ਤਸ਼ਰੀਹ ਕਰਦਿਆਂ ਤਸੱਵੁਫ਼ ਦਾ ਦਰਸ ਦਿੱਤਾ। ਸੂਫ਼ੀਆਂ ਦਾ ਇਹ ਰੂਹਾਨੀ ਪੈਗ਼ਾਮ ਬੰਦੇ ਅਤੇ ਖ਼ੁਦਾ ਦੀ ਰਹੱਸਵਾਦੀ ਏਕਤਾ ਉੱਤੇ ਬਲ ਦਿੰਦਾ ਸੀ ਅਤੇ ਰੱਬੀ ਪਿਆਰ ਜਾਂ ਇਸ਼ਕ-ਹਕੀਕੀ ਨੂੰ ਜੀਵਨ-ਜਾਚ ਦਾ ਆਧਾਰ ਬਣਾਉਂਦਾ ਸੀ। ਇਸ ਤਰ੍ਹਾਂ ਇਨ੍ਹਾਂ ਦੋਹਾਂ ਲਹਿਰਾਂ ਦੀ ਵਿਚਾਰਧਾਰਾ ਵਿਚ

ਸਾਂਝ ਦੇ ਸੂਤਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਤਰ੍ਹਾਂ ਪੰਜਾਬੀ ਸਾਹਿਤ-ਸਭਿਆਚਾਰ ਦੀ ਇਹ ਸੂਫ਼ੀਆਨਾ ਰਵਾਇਤ ਵੀ ਗੁਰਮਤਿ ਕਾਵਿ ਵਾਂਗ ਕਲਾਸਿਕਤਾ ਦਾ ਦਰਜਾ ਰੱਖਦੀ ਹੈ। ਪੰਜਾਬੀ ਭਾਈਚਾਰਾ ਅੱਜ ਵੀ ਰੂਹਾਨੀ ਅਤੇ ਨੈਤਿਕ ਅਗਵਾਈ ਲਈ ਵਾਰ-ਵਾਰ ਸੂਫ਼ੀਆਨਾ ਕਲਾਮ ਵਲ ਪਰਤਦਾ ਹੈ ਜੋ ਇਸਦੀ ਸਦੀਵਤਾ ਅਤੇ ਨਿਰੰਤਰਤਾ ਦਾ ਪ੍ਰਤੱਖ ਪ੍ਰਮਾਣ ਸਮਝਿਆ ਜਾ ਸਕਦਾ ਹੈ।

ਕਿੱਸਾ ਕਾਵਿ ਵੀ ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਹੋਰ ਮਹੱਤਵਪੂਰਣ ਧਾਰਾ ਹੈ। ਇਸਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਮੱਧਕਾਲ ਦੀਆਂ ਹੋਰਨਾਂ ਕਾਵਿ-ਧਾਰਾਵਾਂ ਅਤੇ ਪ੍ਰਵਿਰਤੀਆਂ ਨਾਲੋਂ ਵੱਖਰੀ ਹੈ। ਜਿੱਥੇ ਨਾਥਬਾਣੀ, ਭਗਤਬਾਣੀ, ਗੁਰਬਾਣੀ ਅਤੇ ਸੂਫ਼ੀ ਸ਼ਾਇਰੀ ਨੂੰ ਮੂਲ ਰੂਪ ਵਿਚ ਧਾਰਮਿਕ ਕਾਵਿ ਦੇ ਅੰਤਰਗਤ ਰੱਖਿਆ ਜਾਂਦਾ ਹੈ ਉਥੇ ਕਿੱਸਾ ਕਾਵਿ ਦਾ ਚਰਿਤਰ ਲੌਕਿਕ ਕਾਵਿ ਵਾਲਾ ਹੈ। ਇਨ੍ਹਾਂ ਵਿਚ ਧਾਰਮਿਕ ਕਾਵਿ ਵਾਂਗ ਪਰਮਾਰਥ ਦੀ ਗੱਲ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਯਥਾਰਥ ਦੀ ਗੱਲ ਕੀਤੀ ਗਈ ਹੈ।

ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰਾਂ ਵਿਚ ਅਸੀਂ ਦਮੋਦਰ, ਮੁਕਬਲ, ਹਾਫ਼ਿਜ਼ ਬਰਖ਼ੁਰਦਾਰ, ਪੀਲੂ, ਵਾਰਿਸ, ਕਾਦਰਯਾਰ ਆਦਿ ਦਾ ਨਾਮ ਲੈ ਸਕਦੇ ਹਾਂ। ਇਨ੍ਹਾਂ ਸ਼ਾਇਰਾਂ ਨੇ ਪੰਜਾਬੀ ਕਿੱਸਾ ਕਾਵਿ ਦੀ ਪਰੰਪਰਾ ਨੂੰ ਅਮੀਰ ਤੇ ਭਰਪੂਰ ਬਣਾਇਆ ਹੈ। ਪੰਜਾਬੀ ਦੇ ਵਧੇਰੇ ਕਿੱਸੇ ਪਿਆਰ ਜਾਂ ਇਸ਼ਕ ਦੇ ਦੁੱਖਾਂਤ ਨੂੰ ਪੇਸ਼ ਕਰਦੇ ਹਨ। ਇਹ ਗੱਲ ਵੇਲੇ ਦੀ ਸਾਮਾਜਿਕ ਆਰਥਿਕ ਵਿਵਸਥਾ ਦੇ ਅਨੁਕੂਲ ਵੀ ਹੈ। ਕਾਰਣ ਇਹ ਹੈ ਕਿ ਜਾਗੀਰਦਾਰੀ ਸਮਾਜ ਦੀਆਂ ਸੰਸਥਾਵਾਂ ਸਮੂਹਭਾਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਵਿਅਕਤੀ ਨੂੰ ਸੁਤੰਤਰ ਨਿਰਣੇ ਕਰਨ ਦੀ ਖੁਲ੍ਹ ਨਹੀਂ ਹੁੰਦੀ। ਹੀਰ ਦਾ ਰਾਂਝੇ ਨਾਲ ਇਸ਼ਕ ਸਮਾਜ ਦੀਆਂ ਪ੍ਰਚੱਲਤ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ। ਇਸਨੂੰ ਸ਼ਰਾ੍ ਦੀ ਪ੍ਰਵਾਨਗੀ ਵੀ ਹਾਸਿਲ ਨਹੀਂ ਇਸੇ ਲਈ ਅੰਤ ਵਿਚ ਨਾਇਕ ਤੇ ਨਾਇਕਾ ਦੋਹਾਂ ਦੀ ਮੌਤ ਹੁੰਦੀ ਹੈ। ਇਨ੍ਹਾਂ ਕਿੱਸਿਆਂ ਦੀ ਗਲਪ-ਵਿਧੀ ਰੋਮਾਂਸ ਕਥਾ ਨਾਲ ਮੇਲ ਖਾਂਦੀ ਹੈ ਜਿਸ ਵਿਚ ਆਦਰਸ਼ਕ ਵਿਅਕਤੀਆਂ ਨੂੰ ਮੁਖ-ਪਾਤਰ ਜਾਂ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਇਨ੍ਹਾਂ ਕਿੱਸਿਆਂ ਵਿਚ ਯਥਾਰਥ ਦੀ ਕਠੋਰਤਾ ਦੇ ਨਾਲ ਨਾਲ ਕਾਮਨਾ ਦਾ ਸੁਪਨਮਈ ਸੰਸਾਰ ਵੀ ਉਸਾਰਿਆ ਜਾਂਦਾ ਸੀ। ਪੰਜਾਬੀ ਕਿੱਸਿਆਂ ਦੇ ਨਾਇਕ ਆਮ ਤੌਰ ਤੇ ਆਸ਼ਕ ਯੋਧੇ ਜਾਂ ਫ਼ਕੀਰ ਹੁੰਦੇ ਹਨ ਜੋ ਸਥਾਪਿਤ ਕਦਰਾਂ-ਕੀਮਤਾਂ ਤੋਂ ਵਿਦਰੋਹ ਕਰਦੇ ਹੋਏ ਨੈਤਿਕਤਾ ਦੇ ਨਵੇਂ ਆਦਰਸ਼ ਸਥਾਪਿਤ ਕਰਦੇ ਹਨ। ਮਿਸਾਲ ਵਜੋਂ ਜੇ ਹੀਰ ਦੇ ਕਿੱਸੇ ਵਿਚ ਪ੍ਰਚੱਲਤ ਵਿਆਹ ਪ੍ਰਥਾ ਦੀਆਂ ਸਮੂਹ-ਭਾਵੀ ਕਦਰਾਂ-ਕੀਮਤਾਂ ਨੂੰ ਨਕਾਰਿਆ ਗਿਆ ਹੈ ਤਾਂ ਇਸ ਵਿਚ ਮਨੁੱਖੀ ਰਿਸ਼ਤਿਆ ਨੂੰ ਜੋੜਨ ਵਿਚ ਵਿਅਕੀਗਤ ਸੁਤੰਤਰਤਾ ਦੇ ਮਹੱਤਵ ਨੂੰ ਵੀ ਪਛਾਣਿਆਂ ਗਿਆ ਹੈ।

ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ ਕਹਾਣੀਆਂ ਪਹਿਲੋਂ ਦੰਤ-ਕਥਾਵਾਂ ਦੇ ਰੂਪ ਵਿਚ ਪ੍ਰਚੱਲਤ ਹੋਈਆਂ ਬਾਦ ਵਿਚ ਇਨ੍ਹਾਂ ਨੂੰ ਕਿੱਸਾਕਾਰਾਂ ਨੇ ਆਪਣੀ ਸਿਰਜਣਾਤਮਕ ਕਲਪਨਾ ਰਾਹੀਂ ਨਵਾਂ ਰੂਪ ਪ੍ਰਦਾਨ ਕਰ ਕੇ ਕਿੱਸਿਆਂ ਵਿਚ ਢਾਲ ਦਿੱਤਾ। ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਿਰਤਾਂਤ ਦੀ ਉਸਾਰੀ ਕਰਦਿਆਂ ਤਤਕਾਲੀ ਸਮਾਜ ਸਭਿਆਚਾਰ ਦਾ ਜੀਵੰਤ ਬਿੰਬ ਪੇਸ਼ ਕਰਨ ਦੀ ਚੇਸ਼ਟਾ ਵੀ ਕੀਤੀ ਹੈ। ਇਹੀ ਕਾਰਣ ਹੈ ਕਿ ਇਹ ਕਿੱਸੇ ਪੰਜਾਬੀਆਂ ਦੀ ਜੀਵਨ ਵਿਧੀ, ਉਨ੍ਹਾਂ ਦੇ ਸੁਭਾ ਅਤੇ ਚਰਿਤਰ ਨੂੰ ਵੀ ਭਲੀ ਭਾਂਤ ਮੂਰਤੀਮਾਨ ਕਰਦੇ ਹਨ। ਮਿਸਾਲ ਵਜੋਂ ਜਦੋਂ ਅਸੀਂ ਕਿੱਸਾ ਹੀਰ-ਵਾਰਿਸ ਪੜ੍ਹਦੇ ਹਾਂ ਤਾਂ ਉਸ ਵੇਲੇ ਦਾ ਪੰਜਾਬੀ ਸਮਾਜ ਆਪਣੀਆਂ ਰੀਤਾਂ ਅਤੇ ਰਵਾਇਤਾਂ ਸਮੇਤ ਸਾਕਾਰ ਹੋ ਉਠਦਾ

ਹੈ। ਕਿੱਸਾ-ਕਾਵਿ ਦਾ ਸਿਰਜਿਤ ਬਿਰਤਾਂਤ ਦੇ ਮਾਧਿਅਮ ਰਾਹੀਂ ਪੰਜਾਬੀ ਸਭਿਆਚਾਰ ਦੇ ਅਵਚੇਤਨ ਨੂੰ ਫਰੋਲਦਾ ਹੈ ਅਤੇ ਪ੍ਰਤੀਕਾਤਮਕ ਪੱਧਰ ਉੱਤੇ ਪੰਜਾਬੀਅਤ ਦੀ ਪਛਾਣ ਨਿਰਧਾਰਿਤ ਕਰਦਾ ਹੈ। ਇਹ ਕਾਮਨਾ ਦੇ ਸੰਜਮ ਅਤੇ ਜਸ਼ਨ ਦਾ ਬਿਰਤਾਂਤ ਸਿਰਜਦੇ ਹਨ। ਮਿਸਾਲ ਵਜੋਂ ਇਸਦੇ ਸਿਰਜੇ ਹੋਏ ਨਾਇਕ - ਪੂਰਨ, ਰਸਾਲੂ, ਰਾਂਝਾ, ਮਿਰਜ਼ਾ, ਦੁੱਲਾ ਭੱਟੀ, ਪੁੰਨੂੰ ਅਤੇ ਮਹੀਵਾਲ ਪੰਜਾਬੀ ਕਿਰਦਾਰ ਦੀ ਪ੍ਰਤਿਨਿਧਤਾ ਵੀ ਕਰਦੇ ਹਨ ਉਸਦੇ ਸਭਿਆਚਾਰਕ ਆਦਰਸ਼ ਵੀ ਬਣਦੇ ਹਨ। ਇਹੀ ਇਸ ਕਾਵਿਧਾਰਾ ਦੀ ਕਲਾਸਿਕਤਾ ਦਾ ਮੂਲ ਆਧਾਰ ਹੈ।

ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਹੋਰ ਮਹੱਤਵਪੂਰਣ ਕਲਾਸੀਕਲ ਕਾਵਿਧਾਰਾ ਵਾਰ ਕਾਵਿ ਹੈ। ਪੰਜਾਬੀ ਵਿਚ ਵਾਰ ਇਕ ਅਜਿਹੇ ਕਾਵਿ ਰੂਪ ਦੇ ਤੌਰ ਤੇ ਵਿਕਸਿਤ ਹੋਇਆ ਹੈ ਜਿਸਦੇ ਅੰਤਰਗਤ ਵੀਰ ਰਸ ਦਾ ਵਿਧਾਨ ਸਿਰਜਿਆ ਜਾਂਦਾ ਹੈ। ਵਾਰ ਦੇ ਰੂਪਾਕਾਰ ਦੀ ਪ੍ਰਮੁੱਖ ਵਿਸ਼ੇਸ਼ਤਾ ਸੰਘਰਸ਼ ਜਾਂ ਟੱਕਰ ਮੰਨੀ ਜਾ ਸਕਦੀ ਹੈ। ਇਸ ਟੱਕਰ ਦੇ ਅਨੇਕਾਂ ਰੂਪ ਹੋ ਸਕਦੇ ਹਨ। ਇਹ ਟੱਕਰ ਦੋ ਯੋਧਿਆਂ ਵਿਚਕਾਰ ਹੋ ਸਕਦੀ ਹੈ, ਨੇਕੀ ਅਤੇ ਬਦੀ ਵਿਚਕਾਰ ਹੋ ਸਕਦੀ ਹੈ ਅਤੇ ਦੋ ਵਿਚਾਰਾਂ ਜਾਂ ਵਿਚਾਰਧਾਰਾਵਾਂ ਵਿਚਕਾਰ ਵੀ ਹੋ ਸਕਦੀ ਹੈ। ਇਤਨਾ ਅਵੱਸ਼ ਹੈ ਕਿ ਵਾਰ ਵਿਚ ਨਾਇਕ ਦੀ ਵੀਰਤਾ ਜਾਂ ਨੇਕੀ ਦਾ ਯਸ਼ ਗਾਇਨ ਜ਼ਰੂਰ ਹੁੰਦਾ ਹੈ।

ਪੰਜਾਬੀ ਸਾਹਿੱਤ ਵਿਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ - ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ। ਵੀਰ ਰਸੀ ਵਾਰਾਂ ਵਿਚ ਆਮ ਤੌਰ ਤੇ ਯੁੱਧ ਦਾ ਵੀਰ ਰਸ ਭਰਪੂਰ ਬਿਰਤਾਂਤ ਸਿਰਜਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ ਵਾਰਾਂ ਵਿਚ ਸ਼ਾਂਤ ਰਸ ਦੀ ਸਿਰਜਣਾ ਕੀਤੀ ਗਈ ਹੈ। ਪੰਜਾਬੀ ਵਾਰ ਸਾਹਿਤ ਵਿਚ ਮੁੱਢਲਾ ਸਥਾਨ ਉਨ੍ਹਾਂ ਲੋਕ ਵਾਰਾਂ ਦਾ ਹੈ ਜਿਨ੍ਹਾਂ ਦੇ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਵਾਰਾਂ ਹਨ - ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲੇ ਬਹਿਲੀਮੇ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ ਆਦਿ। ਇਨ੍ਹਾਂ ਲੋਕ ਵਾਰਾਂ ਵਿਚ ਭਿੰਨ ਭਿੰਨ ਰਾਜਿਆਂ ਰਜਵਾੜਿਆਂ ਵਿਚਕਾਰ ਯੁੱਧ ਅਤੇ ਸੰਘਰਸ਼ ਦਾ ਵੀਰ ਰਸ ਭਰਪੂਰ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਪਰ ਇਨ੍ਹਾਂ ਵਾਰਾਂ ਦੇ ਅੱਧੇ ਅਧੂਰੇ ਪਾਠ ਹੀ ਪ੍ਰਾਪਤ ਹਨ।

ਵੀਰ ਰਸੀ ਵਾਰ ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਵਾਰ ਵਿਚ ਗੁਰੂ ਕਵੀ ਨੇ ਮਾਰਕੰਡੇ ਪੁਰਾਣ ਦੀ ਮਿਥਿਹਾਸਕ ਕਥਾ ਨੂੰ ਲੈ ਕੇ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਦਾ ਵੀਰਤਾ ਪੂਰਣ ਬਿਰਤਾਂਤ ਪੇਸ਼ ਕੀਤਾ ਹੈ। ਇਹ ਵਾਰ ਪ੍ਰਤੀਕਾਤਮਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਸੰਘਰਸ਼ ਨੂੰ ਮੂਰਤੀਮਾਨ ਕਰਦੀ ਹੈ ਅਤੇ ਵੀਰ ਭਾਵਨਾ ਦਾ ਸੰਚਾਰ ਕਰਦੀ ਹੈ। ਇਸ ਤੋਂ ਬਾਦ ਪੰਜਾਬੀ ਵਿਚ ਅਨੇਕਾਂ ਵੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਜਿਨ੍ਹਾਂ ਵਿਚ ਮੁੱਖ ਤੌਰ ਤੇ ਨਜਾਬਤ ਦੀ ਨਾਦਰਸ਼ਾਹ ਦੀ ਵਾਰ, ਭਾਈ ਗੁਰਦਾਸ ਦੂਜੇ ਦੀ ਗੁਰੂ ਖ਼ਾਲਸੇ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ, ਸਿੰਘਾਂ ਦੀ ਵਾਰ, ਮਹਾਂ ਸਿੰਘ ਦੀ ਵਾਰ, ਹਰੀ ਸਿੰਘ ਨਲਵੇ ਦੀ ਵਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਪੰਜਾਬੀ ਵਾਰ ਸਾਹਿਤ ਵਿਚ ਵੀ ਪੰਜਾਬੀ ਸਭਿਆਚਾਰ ਦੇ ਉਨ੍ਹਾਂ ਮੀਰੀ ਗੁਣਾਂ ਦੀ ਪੇਸ਼ਕਾਰੀ ਸਾਮ੍ਹਣੇ ਅਉਂਦੀ ਹੈ ਜੋ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸੇ ਹੋਏ ਹਨ ਉਸਨੂੰ ਅਣਖ ਅਤੇ ਸਵੈਮਾਣ ਨਾਲ ਜਿਉਣ ਜਾਂ ਹੱਕ-ਇਨਸਾਫ਼ ਲਈ ਜੂਝਦੇ ਹੋਏ ਮਰ ਮਿਟਣ ਲਈ ਪ੍ਰੇਰਦੇ ਹਨ।